# ਕੋਵਿਡ-19 ਸੰਬੰਧੀ ਅਪਡੇਟਸ: ਬ੍ਰੈਂਪਟਨ ਦਾ ਕੋਰਟਹਾਊਸ 6 ਜੁਲਾਈ ਨੂੰ ਦੁਬਾਰਾ ਖੁੱਲ ਰਿਹਾ ਹੈ, ਸਪ੍ਰੇ ਪੈਡ ਦੇ ਘੰਟੇ ਵਧਾਏ ਜਾ ਰਹੇ ਹਨ

ਬ੍ਰੈਂਪਟਨ, ਓਨਟੈਰੀਓ (6 ਜੁਲਾਈ, 2020) – ਸਿਟੀ ਆਫ ਬ੍ਰੈਂਪਟਨ ਨੂੰ ਦੁਬਾਰਾ ਖੋਲ੍ਹਣ ਅਤੇ ਬਹਾਲੀ ਯੋਜਨਾ ਦੇ ਹਿੱਸੇ ਵਜੋਂ, ਬ੍ਰੈਂਪਟਨ ਦਾ ਪ੍ਰੋਵਿੰਸਿਅਲ ਔਫੈਂਸੇਜ ਕੋਰਟਹਾਊਸ (Provincial Offences Courthouse) 6 ਜੁਲਾਈ ਨੂੰ ਦੁਬਾਰਾ ਖੁੱਲ ਰਿਹਾ ਹੈ ਅਤੇ ਸਪ੍ਰੇ ਪੈਡ ਦੇ ਘੰਟੇ ਵਧਾਏ ਜਾਣਗੇ।

ਸਿਟੀ, ਭਾਈਚਾਰੇ ਦੀ ਸਿਹਤ ਅਤੇ ਸੁਰੱਖਿਆ ਨੂੰ ਗੰਭੀਰਤਾ ਨਾਲ ਲੈਂਦੀ ਹੈ, ਇਸਲਈ ਸੁਰੱਖਿਆ ਉਪਾਅ ਲਾਗੂ ਕੀਤੇ ਜਾਣਗੇ।

## ਕੋਰਟਹਾਊਸ

5 ਰੇ ਲਾੱਸਨ ਬੁਲੇਵਾਰਡ (5 Ray Lawson Boulevard) ਵਿਖੇ ਸਥਿਤ, ਓਨਟੈਰੀਓ ਕੋਰਟ ਆਫ ਜਸਟਿਸ ਪ੍ਰੋਵਿੰਸਿਅਲ ਔਫੈਂਸੇਜ ਕੋਰਟ (Ontario Court of Justice Provincial Offences Court) 6 ਜੁਲਾਈ ਨੂੰ ਦੁਬਾਰਾ ਖੁੱਲ੍ਹੇਗੀ।

ਕੋਰਟਹਾਊਸ ਵਿੱਚ ਆਉਣ ਵਾਲੇ ਲੋਕਾਂ ਲਈ, ਉੱਥੇ ਲਗਾਏ ਗਏ ਸਾਰੇ ਸਾਈਨ ਬੋਰਡਾਂ ਅਤੇ ਨਿਰਦੇਸ਼ਾਂ ਦੀ ਪਾਲਣਾ ਕਰਨੀ ਲਾਜ਼ਮੀ ਹੈ। ਇੱਕ-ਪਾਸੇ ਵਾਲਾ ਦਾਖ਼ਲ ਹੋਣ ਦਾ ਦਰਵਾਜ਼ਾ ਨਿਯਤ ਕੀਤਾ ਜਾਵੇਗਾ, ਜਿੱਥੇ ਸਿਕਿਓਰਿਟੀ ਗਾਰਡ ਵੱਲੋਂ ਲੋਕਾਂ ਦਾ ਸੁਆਗਤ ਕੀਤਾ ਜਵੇਗਾ। ਲੋਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਦਾਖ਼ਲ ਹੋਣ ਤੋਂ ਪਹਿਲਾਂ ਉੱਥੇ ਲਗਾਏ ਗਏ, ਕੋਵਿਡ-19 (COVID-19) ਸੰਬੰਧੀ ਸਵੈ-ਜਾਂਚ (ਸੈਲਫ-ਸਕ੍ਰੀਨਿੰਗ) ਬਾਰੇ ਸਵਾਲਾਂ ਦੀ ਸਮੀਖਿਆ ਕਰਨ। ਦਾਖ਼ਲ ਹੋਣ ਤੇ ਹੈਂਡ ਸੈਨੀਟਾਈਜ਼ਰ ਪ੍ਰਦਾਨ ਕੀਤਾ ਜਾਵੇਗਾ। ਉਸਦੇ ਬਾਅਦ ਜਨਤਾ, ਕਤਾਰ ਟਿਕਟ ਪ੍ਰਾਪਤ ਕਰਨ ਲਈ ਸੂਚਨਾ ਕਾਊਂਟਰ (Information Counter) ਤੇ ਜਾ ਸਕਦੀ ਹੈ।

ਜੇਕਰ ਕਤਾਰ ਵਿੱਚ ਜਗ੍ਹਾ ਨਾ ਹੋਵੇ, ਤਾਂ ਲੋਕਾਂ ਨੂੰ ਆਪਣਾ ਸੈੱਲ ਫੋਨ ਨੰਬਰ ਪ੍ਰਦਾਨ ਕਰਨ ਲਈ ਆਖਿਆ ਜਾਵੇਗਾ, ਤਾਂ ਜੋ ਉਹ ਟੈਕਸਟ ਸੁਨੇਹੇ ਰਾਹੀਂ ਕਤਾਰ ਨੰਬਰ ਪ੍ਰਾਪਤ ਕਰ ਸਕਣ। ਜਦੋਂ ਤੱਕ ਉਹ ਬਿਲਡਿੰਗ ਵਿੱਚ ਦਾਖ਼ਲ ਹੋਣ ਲਈ ਸੂਚਿਤ ਕਰਨ ਵਾਲਾ ਟੈਕਸਟ ਸੁਨੇਹਾ ਪ੍ਰਾਪਤ ਨਾ ਕਰ ਲੈਣ, ਉਹਨਾਂ ਨੂੰ ਬਾਹਰ ਉਡੀਕ ਕਰਨ ਲਈ ਆਖਿਆ ਜਾਵੇਗਾ। ਫਰਸ਼ਾਂ ਤੇ ਰੰਗਾਂ ਨਾਲ ਕੋਡ ਕੀਤੇ ਨਿਸ਼ਾਨ, ਬਿਲਡਿੰਗ ਵਿੱਚ ਵੱਖ-ਵੱਖ ਸੇਵਾ ਖੇਤਰਾਂ ਬਾਰੇ, ਲੋਕਾਂ ਦਾ ਮਾਰਗ ਦਰਸ਼ਨ ਕਰਨਗੇ।

ਕਿਰਪਾ ਕਰਕੇ ਇਹ ਜਾਣ ਲਵੋ ਕਿ ਪ੍ਰੋਵਿੰਸਿਅਲ ਔਫੈਂਸੇਜ ਐਕਟ (Provincial Offences Act) ਸਬੰਧੀ ਸਾਰੇ ਵਿਅਕਤੀਗਤ ਮੁੱਦਿਆਂ ਨੂੰ, 11 ਸਤੰਬਰ, 2020 ਤੱਕ ਸਥਗਿਤ ਕੀਤਾ ਜਾਵੇਗਾ। ਨੋਟਿਸ ਦੀ ਕਾਪੀ, ਓਨਟੈਰੀਓ ਕੋਰਟ ਆਫ ਜਸਟਿਸ (Ontario Court of Justice) ਦੀ ਵੈਬਸਾਈਟ (website) ਤੇ ਉਪਲਬਧ ਹੈ।

## ਸਪ੍ਰੇ ਪੈਡਸ

6 ਜੁਲਾਈ ਤੋਂ ਸ਼ੁਰੂ ਕਰਦੇ ਹੋਏ, ਸਪ੍ਰੇ ਪੈਡ ਸੰਚਾਲਨ ਦੇ ਘੰਟੇ ਵਧਾ ਦਿੱਤੇ ਗਏ ਹਨ। ਜੇਕਰ ਮੌਸਮ ਠੀਕ ਰਹੇਗਾ, ਤਾਂ ਬ੍ਰੈਂਪਟਨ ਵਿੱਚ ਸਪ੍ਰੇ ਪੈਡਸ ਸਵੇਰੇ 10 ਵਜੇ ਤੋਂ ਰਾਤ 8 ਵਜੇ ਤੱਕ ਦੀ ਬਜਾਏ, ਹੁਣ ਸਵੇਰੇ 9 ਵਜੇ ਤੋਂ ਰਾਤ 9 ਵਜੇ ਤੱਕ ਖੁੱਲ੍ਹੇ ਰਹਿਣਗੇ। ਸਪ੍ਰੇ ਪੈਡ ਵਾਲੀਆਂ ਥਾਵਾਂ ਦੀ ਸੂਚੀ ਲਈ www.brampton.ca/recreation ਤੇ ਜਾਓ।

## ਕੋਵਿਡ-19 ਤੋਂ ਸੁਰੱਖਿਆ ਸਬੰਧੀ ਉਪਾਅ

BRAMPTON **Service and Information Update**

ਪੀਲ ਪਬਲਿਕ ਹੈਲਥ (Peel Public Health) ਅਤੇ ਸਿਟੀ ਆਫ ਬ੍ਰੈਂਪਟਨ, ਹਰ ਕਿਸੇ ਨੂੰ ਸਰੀਰਕ ਦੂਰੀ ਕਾਇਮ ਰੱਖਣ ਦੀ ਬੇਨਤੀ ਕਰਦੇ ਹਨ। ਆਪਣੇ ਹੱਥਾਂ ਨੂੰ ਘੱਟੋ-ਘੱਟ 20 ਸਕਿੰਟਾਂ ਤੱਕ, ਸਾਬੁਣ ਅਤੇ ਪਾਣੀ ਨਾਲ ਧੋ ਕੇ ਹੱਥਾਂ ਦੀ ਚੰਗੀ ਤਰ੍ਹਾਂ ਸਫਾਈ ਜ਼ਰੂਰ ਕਰੋ ਅਤੇ ਜਦੋਂ ਤੁਸੀਂ ਬਾਹਰ ਹੋਵੋ ਤਾਂ ਅਲਕੋਹਲ ਵਾਲੇ ਹੈਂਡ ਸੈਨੀਟਾਈਜ਼ਰ ਦੀ ਵਰਤੋਂ ਕਰੋ। ਖੰਘਦੇ ਜਾਂ ਨਿੱਛਾਂ ਮਾਰਦੇ ਸਮੇਂ, ਮੂੰਹ ਨੂੰ ਟਿਸ਼ੂ ਨਾਲ ਜਾਂ ਆਪਣੀ ਕੂਹਣੀ ਨਾਲ ਢਕੋ ਅਤੇ ਉਸਦੇ ਬਾਅਦ ਆਪਣੇ ਹੱਥਾਂ ਨੂੰ ਧੋਵੋ ਜਾਂ ਸੈਨੀਟਾਈਜ਼ ਕਰੋ।

ਜੇਕਰ ਤੁਸੀਂ ਬੀਮਾਰ ਹੋ, ਤਾਂ ਕਿਰਪਾ ਕਰਕੇ ਕੋਰਟਹਾਊਸ ਜਾਂ ਸਪ੍ਰੇ ਪੈਡਸ ਵਿਖੇ ਨਾ ਜਾਓ।

-30-

**ਮੀਡੀਆ ਸੰਪਰਕ**
ਮੋਨਿਕਾ ਦੁੱਗਲ (Monika Duggal)
ਕੋਆਰਡੀਨੇਟਰ, ਮੀਡੀਆ ਐਂਡ ਕਮਿਉਨਿਟੀ ਐਨਗੇਜਮੈਂਟ
ਸਟ੍ਰੈਟਜਿਕ ਕਮਿਉਨਿਕੇਸ਼ਨ
ਸਿਟੀ ਆਫ ਬ੍ਰੈਂਪਟਨ
905-874-3426 | Monika.Duggal@brampton.ca